BCM School Basant Avenue Dugri Ludhiana

Assignment VIII Punjabi (Answer key)

ਪ੍ਰਸ਼ਨ-1.ਅਣਡਿੱਠਾ ਪੈਰਾ

ਸ਼ਾਮ ਦੀ ਸੈਰ ਵੀ ਕਿੰਨੀ ਗੁਣਕਾਰੀ, ਸੁਹਾਵਣੀ ਤੇ ਸਵਾਸਥ-ਵਰਧਕ ਹੁੰਦੀ ਹੈ। ਸਾਰੇ ਦਿਨ ਦੀ ਮਿਹਨਤ ਨਾਲ ਤਨ-ਮਨ ਦੇ ਮੈਲੇ ਹੋਏ ਕੱਪੜੇ ਸ਼ਾਮ ਦੀ ਸੈਰ ਦੇ ਸਰਫ਼ ਨਾਲ ਤੁਰੰਤ ਸਾਫ਼ ਹੋ ਜਾਂਦੇ ਹਨ, ਦਿਮਾਗ਼ ਉੱਜਲ ਹੋ ਜਾਂਦਾ ਹੈ, ਬੁੱਧੀ ਨਿਰਮਲ ਹੋ ਜਾਂਦੀ ਹੈ। ਇਉਂ ਜਾਪਦਾ ਹੈ, ਇਹ ਸੈਰ ਨਹੀਂ, ਤੁਰਦੀ-ਫਿਰਦੀ ਟਕਸਾਲ ਹੈ, ਜਿਸ ਵਿੱਚ ਪੈ ਕੇ ਸੁਰਤਿ, ਮੱਤ ਤੇ ਬੁੱਧੀ ਘੜੇ ਜਾਂਦੇ ਹਨ ਤੇ ਟਕਸਾਲੀ ਬਣ ਜਾਂਦੇ ਹੈ, ਖਰੇ ਸਿੱਕੇ ਵਾਂਗ ਹਰ ਥਾਂ ਚੱਲ ਸਕਦੇ ਹਨ। ਸ਼ਾਮ ਦੀ ਸੈਰ ਤੁਹਾਨੂੰ ਹਲਕਾ-ਫੁਲਕਾ ਕਰ ਦਿੰਦੀ ਹੈ। ਦਿਨ ਦੀ ਥਕਾਨ ਲਾਹੁੰਦੀ ਹੈ ਤੇ ਪੈਣ ਵਾਲੀ ਰਾਤ ਲਈ ਸੁਖਾਸਨ ਤਿਆਰ ਕਰਦੀ ਹੈ। ਤੁਸੀਂ ਤਰੋਤਾਜ਼ਾ ਹੋ ਕੇ ਮੁੜ ਕੰਮ ਵਿੱਚ ਜੁੱਟ ਸਕਦੇ ਹੋ, ਰੱਜ ਕੇ ਭੋਜਨ ਛਕ ਸਕਦੇ ਹੋ, ਮਿੱਠੀ ਨੀਂਦ ਸੌਂ ਸਕਦੇ ਹੋ, ਲਾਲਚੀ ਡਾਕਟਰ ਨੂੰ ਆਪਣੇ ਤੋਂ ਪਰ੍ਹਾਂ ਰੱਖ ਸਕਦੇ ਹੋ।

ਪ੍ਰਸ਼ਨ 1. ਸ਼ਾਮ ਦੀ ਸੈਰ ਦੇ ਕਿਹੜੇ ਖ਼ਾਸ ਲਾਭ ਹੁੰਦੇ ਹਨ ?

A. ਬੁੱਧੀ ਨਿਰਮਲ ਹੋ ਜਾਂਦੀ ਹੈ।

ਪ੍ਰਸ਼ਨ 2.. ਕਥਨ-ਸ਼ਾਮ ਦੀ ਸੈਰ ਨੂੰ ਸਵਾਸਥ-ਵਰਧਕ ਕਹਿੰਦੇ ਹਨ।

ਕਾਰਨ-ਕਿਉਂਕਿ ਇਸ ਨਾਲ ਦਿਮਾਗ ਤੇ,ਬੁੱਧੀ ਨਿਰਮਲ ਨਹੀਂ ਹੁੰਦੀ ਹੈ।

ਉੱਤਰ A ਕਾਰਨ ਕਥਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ

ਪ੍ਰਸ਼ਨ 3. ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

ਉੱਤਰ-ਸ਼ਾਮ ਦੀ ਸੈਰ ਦਾ ਮਹੱਤਵ

ਪ੍ਰਸ਼ਨ 2-ਤੱਥ ਸ਼ਬਦ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ।

ਉੱਤਰ- statement

ਪ੍ਰਸ਼ਨ-3,4,5 according to the pattern

ਪ੍ਰਸ਼ਨ 6-ਸਮਾਨਾਰਥਕ ਸ਼ਬਦ ਲਿਖੋ- ਤਬਦੀਲੀ-ਬਦਲਾਓ,

ਤਿੱਖੀਆਂ-ਤੇਜ,

ਊਣਾ-ਅਧੂਰਾ

ਪ੍ਰਸ਼ਨ 7 -ਵਾਕ ਦੀ ਲਿੰਗ ਬਦਲੀ ਕਰੋ-

ਕਬੂਤਰ ਤੇ ਤੋਤਾ ਸਭ ਨੂੰ ਚੰਗੇ ਲੱਗਦੇ ਹਨ।

ਉੱਤਰ- ਕਬੂਤਰੀ ਤੇ ਤੋਤੀ ਸਭ ਨੂੰ ਚੰਗੀਆਂ ਲੱਗਦੀਆਂ ਹਨ।

ਪ੍ਰਸ਼ਨ 8-ਮੁਰੀਦ ਸ਼ਬਦ ਦਾ ਵਿਰੋਧੀ ਸ਼ਬਦ ਦੱਸੋ?

ਉੱਤਰ- ਵੈਰੀ

ਪ੍ਰਸ਼ਨ- 9.ਸ਼ਬਦ ਅਰਥ - ਝੁਲਸਾਉਣਾ-ਸਾੜਨਾ, ਅਜ਼ਮਾਉਣਾ -ਪਰਖ ਕਰਨਾ

ਪ੍ਰਸ਼ਨ -10.ਸ਼ਬਦਾਂ ਦੇ ਸ਼ੁੱਧ ਰੂਪ ਲਿਖੋ- ਇਸਾ- ਇੱਛਾ, ਸੋਦ- ਸੋਧ , ਟਾਲੇਆ -ਟਾਲਿਆ

ਪ੍ਰਸ਼ਨ 11- ਅਗੇਤਰ ਲਿਖੋ- ਨਾ-ਨਾਖੁਸ਼ ,ਨਾਲਾਇਕ, ਨਾਮਨਜ਼ੂਰ

ਅ - ਅਸਫ਼ਲ ਅਹਿੰਸਾ, ਅਪੂਰਨ